# COVID-19 ਜਨਤਕ ਸਿਹਤ ਐਮਰਜੈਂਸੀ ਦੌਰਾਨ DTE ਐਨਰਜੀ ਸਹਾਇਤਾ ਪਾਲਿਸੀਆਂ ਅਤੇ ਪ੍ਰੋਗਰਾਮ

DTE ਐਨਰਜੀ ਦੀ ਨੰਬਰ ਇੱਕ ਪ੍ਰਾਥਮਿਕਤਾ ਸਾਡੇ ਕਰਮਚਾਰੀਆਂ ਅਤੇ ਗਾਹਕਾਂ ਦੀ ਸਿਹਤ ਅਤੇ ਸੁਰੱਖਿਆ ਹੈ। ਅਸੀਂ ਇਹ ਯਕੀਨੀ ਬਣਾਉਣ ਲਈ ਰੋਜ਼ਾਨਾ ਹਰ ਜਤਨ ਕਰਦੇ ਹਾਂ ਕਿ ਅਸੀਂ 3 ਮੀਲੀਅਨ ਤੋਂ ਵੱਧ ਗਾਹਕਾਂ ਨੂੰ ਭਰੋਸੇਮੰਦ ਊਰਜਾ ਦੇਈਏ। ਅਤੇ ਸਾਡੇ ਕੋਲ ਸਥਾਪਿਤ ਪ੍ਰਕਿਰਿਆਵਾਂ ਹਨ ਜੋ ਸੈਂਕੜਿਆਂ ਤੋਂ ਹਜ਼ਾਰਾਂ ਗਾਹਕਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਦੀਆਂ ਹਨ, ਜਿਸ ਸਮੇਂ, ਉਹਨਾਂ ਨੂੰ ਇਹ ਯਕੀਨੀ ਬਣਾਉਣ ਲਈ ਮਦਦ ਦੀ ਲੋੜ ਹੁੰਦੀ ਹੈ ਕਿ ਉਹਨਾਂ ਦੀ ਊਰਜਾ ਪੂਰਤੀ ਬਿਨਾਂ ਵਿਘਣ ਚੱਲਦੀ ਰਹੇ।

ਇਸ ਵਿਸ਼ਵ ਪੱਧਰੀ ਕੋਰੋਨਾਵਾਇਰਸ ਮਹਾਂਮਾਰੀ ਦੇ ਦੌਰ ਵਿੱਚ, ਅਸੀਂ ਉਹਨਾਂ ਗਾਹਕਾਂ ਦੀ ਮਦਦ ਕਰਨ ਲਈ ਹਾਈ ਅਲਰਟ 'ਤੇ ਹਾਂ ਜਿਹਨਾਂ ਦੀਆਂ ਜ਼ਿੰਦਗੀਆਂ ਵਿੱਚ ਵਿਘਣ ਪਿਆ ਹੈ। ਨਤੀਜੇ ਵਜੋਂ, ਅਸੀਂ ਇਹ ਯਕੀਨੀ ਬਣਾਉਣ ਲਈ ਮਦਦ ਵਾਸਤੇ ਉਪਾਆਂ ਦਾ ਪਾਲਣ ਕਰ ਰਹੇ ਹਾਂ ਕਿ ਸਾਡੇ ਹਰੇਕ ਗਾਹਕ ਕੋਲ ਇਸ ਚੁਣੌਤੀਪੂਰਨ ਸਮੇਂ ਦੌਰਾਨ ਊਰਜਾ ਹੋਵੇ।

### ਘੱਟ ਆਮਦਨ ਅਤੇ ਸੀਨੀਅਰ ਪਾਲਿਸੀਆਂ ਵਿਸਤਰਿਤ ਕੀਤੀਆਂ ਗਈਆਂ

- ਅਸੀਂ ਘੱਟ ਆਮਦਨ ਵਾਲੇ ਗਾਹਕਾਂ (200% ਜਾਂ ਇਸ ਤੋਂ ਘੱਟ ਫੈਡਰਲ ਪੋਵਰਟੀ ਲੈਵਲ) ਅਤੇ ਸੀਨਅਰ ਸਿਟੀਜਨ (62 ਅਤੇ ਇਸ ਤੋਂ ਵੱਧ) ਲਈ ਸਾਡੇ ਸ਼ਟਆੱਫ਼ ਸੁਰੱਖਿਆ ਪ੍ਰੋਗਰਾਮਾਂ ਵਿੱਚ ਗਾਹਕਾਂ ਲਈ ਕਵਰੇਜ ਦਾ ਵਿਸਤਾਰ ਕੀਤਾ ਹੈ। ਨੋਟ ਕਰੋ ਕਿ, ਸਾਰੇ ਸੀਨੀਅਰ (62 ਅਤੇ ਇਸ ਤੋਂ ਵੱਧ) ਵਿੰਟਰ ਪ੍ਰੋਟੈਕਸ਼ਨ ਪ੍ਰੋਗਰਾਮ ਵਿੱਚ ਸ਼ਾਮਿਲ ਹਨ ਜਦੋਂ ਤੱਕ ਉਹ ਕਿਸੇ ਹੋਰ ਭੁਗਤਾਨ ਵਿਕਲਪ ਨੂੰ ਨਹੀਂ ਚੁਣਦੇ। ਜ਼ਿਆਦਾ ਜਾਣਕਾਰੀ ਪਾਓ http://dteenergy.com/covid19 'ਤੇ।

### COVID-19 ਪਰਸਨਲਾਇਜ਼ਡ ਸਰਵਿਸ ਪ੍ਰੋਟੈਕਸ਼ਨ ਪ੍ਰੋਗਰਾਮ

- DTE ਇੱਥੇ COVID-19 ਕਾਰਨ ਆਮਦਨ ਦੇ ਨੁਕਸਾਨ ਜਾਂ ਮੈਡੀਕਲ ਸਥਿਤੀ ਦਾ ਸਾਹਮਣਾ ਕਰ ਰਹੇ ਗਾਹਕ ਦੀ ਮਦਦ ਲਈ ਹੈ। ਪ੍ਰਭਾਵਿਤ ਗਾਹਕਾਂ ਨੂੰ ਤੁਰੰਤ 800.477.4747 'ਤੇ ਸੰਪਰਕ ਕਰਨਾ ਚਾਹੀਦਾ ਹੈ ਅਤੇ ਅਸੀਂ ਉਹਨਾਂ ਦੀ ਊਰਜਾ ਸੇਵਾ ਕਾਇਮ ਰੱਖਣ ਵਿੱਚ ਮਦਦ ਕਰਨ ਲਈ ਭੁਗਤਾਨ ਪਲਾਨ ਨੂੰ ਨਿੱਜੀਕ੍ਰਿਤ ਕਰ ਸਕਦੇ ਹਾਂ।

### ਐਡੀਸ਼ਨਲ ਘੱਟ ਆਮਦਨ ਸਹਾਇਤਾ- ਘੱਟ ਆਮਦਨ ਆਤਮਨਿਰਭਰਤਾ ਪਲਾਨ (LSP)

- ਘੱਟ ਆਮਦਨ ਵਾਲੇ ਗਾਹਕਾਂ ਨੂੰ ਜਾਣਨਾ ਚਾਹੀਦਾ ਹੈ ਕਿ ਉਹ ਆਪਣੇ ਊਰਜਾ ਬਿੱਲ ਦਾ ਹਿੱਸਾ ਕਵਰ ਕਰਨ ਜਾਂ ਸੇਵਾ ਨੂੰ ਮੁੜ-ਬਹਾਲ ਕਰਨ ਵਿੱਚ ਮਦਦ ਲਈ ਸਟੇਟ ਐਮਰਜੈਂਸੀ ਰਿਲੀਫ਼ (SER) ਲਈ ਯੋਗ ਹਨ ਜਾਂ ਨਹੀਂ । ਸਥਾਨਕ

ਸਿਹਤ ਵਿਭਾਗ ਅਤੇ ਮਨੁੱਖੀ ਸੇਵਾ ਦਫ਼ਤਰ ਨਾਲ ਸੰਪਰਕ ਕਰਕੇ ਜਾਂ http://www.michigan.gov/mibridges ‘ਤੇ ਜਾ ਕੇ ਅਰਜ਼ੀ ਦੀ ਪ੍ਰਕਿਰਿਆ ਸ਼ੁਰੂ ਕਰੋ।

- ਜੇ ਗਾਹਕਾਂ ਨੂੰ SER ਅਰਜ਼ੀ ਭਰਨ ਵਿੱਚ ਮੁਸ਼ਕਿਲ ਆ ਰਹੀ ਹੈ, ਤਾਂ ਸੇਵਾ ਉਪਲਬਧ ਹੈ! ਉਸ ਏਜੰਸੀ ਨਾਲ ਕਨੈਕਟ ਕਰਨ ਲਈ 211 ‘ਤੇ ਕੱਲ ਕਰੋ ਜਾਂ http://www.211.org ‘ਤੇ ਜਾਓ ਜੋ ਪ੍ਰਕਿਰਿਆ ਵਿੱਚ ਤੁਹਾਡੀ ਮਦਦ ਕਰ ਸਕਦੀ ਹੈ, ਇਸ ਦੇ ਨਾਲ-ਨਾਲ ਭੋਜਨ, ਬਾਲ ਸੰਭਾਲ ਅਤੇ ਹੋਰ ਲੋੜਾਂ ਵਿੱਚ ਮਦਦ ਕਰ ਸਕਦੀ ਹੈ।